**Shikshan Sanshodhan** : Journal of Arts, Humanities and Social Sciences ISSN: 2581-6241
Monthly, Peer-Reviewed, Refereed, Indexed Journal Impact Factor: 5.146
Volume - 5, Issue - 1, JAN - 2022 Publication Date: 31/01/2022

DOIs:10.2018/SS/202201007 --:-- Research Article

# ਪਾਰਲੇ ਪੁਲ: ਰਿਸ਼ਤਿਆਂ ਦੀ ਗਾਥਾ

**ਡਾ. ਦੀਪਾ ਕੁਮਾਰ**
ਅਸਿਸਟੈਂਟ ਪ੍ਰੋਫ਼ੈਸਰ, ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ, ਦਿੱਲੀ ਯੂਨੀਵਰਸਿਟੀ, ਦਿੱਲੀ
Email - deepakumar@sggscc.ac.in

**Abstract:** 'ਪਾਰਲੇ ਪੁਲ', ਕੈਨੇਡਾ ਦੀ ਕਹਾਣੀਕਾਰਾ ਸੁਰਜੀਤ ਦਾ ਪਹਿਲਾਂ ਕਹਾਣੀ-ਸੰਗ੍ਰਹਿ ਹੈ। ਹਥਲੇ ਪਰਚੇ ਵਿਚ ਇਸ ਸੰਗ੍ਰਹਿ ਵਿਚਲੀਆਂ ਤਿੰਨ ਕਹਾਣੀਆਂ 'ਵੈਲੇਨਟਾਈਨਜ਼ ਡੇਅ', 'ਲੌਹ ਪੁਰਸ਼' ਤੇ 'ਜੁਗਨੂੰ' ਨੂੰ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ। ਕਹਾਣੀਆਂ ਦੇ ਅਧਿਐਨ ਰਾਹੀਂ ਕਹਾਣੀਆਂ ਦੇ ਪਾਤਰਾਂ ਵਿਚਾਲੇ ਰਿਸ਼ਤਿਆਂ ਦੇ ਵੱਖਰੇ-ਵੱਖਰੇ ਆਯਾਮਾਂ ਨੂੰ ਭਾਰਤੀ ਤੇ ਪੱਛਮੀ ਸੰਦਰਭ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

**Key Words:** ਪਾਰਲੇ ਪੁਲ: ਰਿਸ਼ਿਤਆਂ ਦੀ ਗਾਥਾ, ਸੁਰਜੀਤ, ਪੰਜਾਬੀ ਕਹਾਣੀ ।

## 1. ਜਾਣ-ਪਛਾਣ :

<u>ਭੂਮਿਕਾ</u> : 'ਪਾਰਲੇ ਪੁਲ' ਕੈਨੇਡਾ ਪੰਜਾਬੀ ਸਾਹਿਤ ਦੀ ਸਮਰੱਥਾਵਾਨ ਲੇਖਿਕਾ ਸੁਰਜੀਤ ਦਾ ਪਹਿਲਾ ਕਹਾਣੀ-ਸੰਗ੍ਰਹਿ ਹੈ। ਇਸ ਕਹਾਣੀ-ਸੰਗ੍ਰਹਿ ਤੋਂ ਪਹਿਲਾਂ 'ਸ਼ਿਕਸਤ ਰੰਗ', 'ਹੇ ਸਖੀ' ਤੇ 'ਵਿਸਮਾਦ' ਕਾਵਿ-ਸੰਗ੍ਰਹਿਆਂ ਰਾਹੀਂ ਲੇਖਿਕਾ ਕੈਨੇਡੀਅਨ ਪੰਜਾਬੀ ਸਾਹਿਤ ਵਿਚ ਸ਼ਾਇਰਾ ਵਜੋਂ ਸਥਾਪਿਤ ਹੋ ਚੁੱਕੀ ਸੀ। 'ਪਾਰਲੇ ਪੁਲ' (2019) ਮਗਰੋਂ 'ਪਰਵਾਸੀ ਪੰਜਾਬੀ ਸਾਹਿਤ (ਸ਼ਬਦ ਤੇ ਸੰਵਾਦ) ਪੁਸਤਕ ਰਾਹੀਂ ਸਾਹਿਤ ਸਮੀਖਿਆ ਦੇ ਖੇਤਰ ਵਿਚ ਵੀ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਕਾਲਜ ਦੇ ਦਿਨਾਂ ਤੋਂ ਕਵਿਤਾ ਤੇ ਕਹਾਣੀ ਸਿਰਜਣਾ ਕਰਨੀ ਆਰੰਭ ਕਰ ਦਿੱਤੀ ਸੀ ਪਰ 2005 ਵਿਚ 'ਸ਼ਿਕਸਤ ਰੰਗ' ਕਾਵਿ-ਪੁਸਤਕ ਤੋਂ ਆਪਣੇ ਸਿਰਜਣਾਤਮਕਤਾ ਨੂੰ ਪ੍ਰਕਾਸ਼ਤ ਕਰ ਪਾਠਕਾਂ ਦੇ ਸਨਮੁਖ ਹੋਏ।

**2. ਖੋਜ ਕਾਰਜ ਦਾ ਉਦੇਸ਼** : 'ਪਾਰਲੇ ਪੁਲ' ਕਹਾਣੀ-ਸੰਗ੍ਰਹਿ ਦਾ ਅਧਿਐਨ ਤੇ ਵਿਸ਼ਲੇਸ਼ਣ
- ਕਹਾਣੀਆਂ ਦੇ ਪਾਤਰਾਂ ਵਿਚਾਲੇ ਰਿਸ਼ਤਿਆਂ ਦੇ ਵੱਖਰੇ-ਵੱਖਰੇ ਆਯਾਮਾਂ ਨੂੰ ਭਾਰਤੀ ਤੇ ਪੱਛਮੀ ਸੰਦਰਭ ਵਿਚ ਸਮਝਣ ਦੀ ਕੋਸ਼ਿਸ਼

ਹਥਲੇ ਪਰਚੇ ਦਾ ਸੰਬੰਧ ਲੇਖਿਕਾ ਦੇ ਕਹਾਣੀ-ਸੰਗ੍ਰਹਿ 'ਪਾਰਲੇ ਪੁਲ'(2019) ਦੀਆਂ ਕਹਾਣੀਆਂ ਵਿਚੋਂ ਰਿਸ਼ਤਿਆਂ ਦੀ ਗਾਥਾ ਦੇ ਬਿਆਨ ਨਾਲ ਜੁੜਦਾ ਹੈ ਜਿਸ ਦੇ ਲਈ ਇਸ ਸੰਗ੍ਰਹਿ ਵਿਚਲੀਆਂ ਤਿੰਨ ਕਹਾਣੀਆਂ 'ਲੌਹ ਪੁਰਸ਼', 'ਵੈਲਨਟਾਈਨਜ਼ ਡੇਅ' ਤੇ 'ਜੁਗਨੂੰ' ਨਾਲ ਵਿਸ਼ੇਸ਼ ਤੌਰ 'ਤੇ ਚਰਚਾ ਦਾ ਵਿਸ਼ਾ ਬਣਾਵਾਂਗੇ। ਲੌਹ ਪੁਰਸ਼ ਕਹਾਣੀ ਜਨਮ ਤੇ ਆਧਾਰਿਤ ਰਿਸ਼ਤੇ ਦੀ ਕਹਾਣੀ ਹੈ। ਵੈਲਨਟਾਈਨਜ਼ ਡੇਅ ਕਹਾਣੀ ਸਮਾਜ ਵਲੋਂ ਪ੍ਰਵਾਨਿਤ ਰਿਸ਼ਤੇ ਦੇ ਆਧਾਰ ਉਤੇ ਸਿਰਜੀ ਗਈ ਹੈ ਤੇ ਤੀਜੀ ਕਹਾਣੀ ਜੁਗਨੂੰ ਸਾਈਬਰ ਸਪੇਸ ਵਿਚ ਬਣੇ ਰਿਸ਼ਤਿਆਂ ਨਾਲ ਸੰਬੰਧਿਤ ਹੈ ਜਿਸਦਾ ਕੋਈ ਆਧਾਰ ਹੀ ਨਹੀਂ ਹੁੰਦਾ।

ਪੁਸਤਕ ਦੇ ਆਰੰਭ ਵਿਚ ਲੇਖਿਕਾ ਪੁਸਤਕ ਨੂੰ ਸਮਰਪਿਤ ਕਰਦਿਆਂ ਲਿਖਦੀ ਹੈ:

ਪਿਤਾ ਗੁਰਬਖਸ਼ ਸਿੰਘ, ਪਤੀ ਪਿਆਰਾ ਸਿੰਘ ਤੇ ਪੁੱਤਰ ਫਤਿਹਜੀਤ ਸਿੰਘ ਦੇ ਨਾਂ।[1]

ਇਹ ਸਮਰਪਣ ਸ਼ਬਦ ਹੀ ਸਾਡੇ ਸਮਾਜ ਦੀ ਰਿਸ਼ਤਾ-ਨਾਤਾ ਪ੍ਰਣਾਲੀ ਦੀ ਨਿਸ਼ਾਨਦੇਹੀ ਕਰਦੇ ਨਜ਼ਰ ਆਉਂਦੇ ਹਨ। ਇਹ ਸ਼ਬਦ ਲੇਖਿਕਾ ਦੀ ਜਨਮ ਸਾਂਝ ਤੋਂ ਹੁੰਦਿਆਂ ਹੋਇਆਂ ਸਮਾਜਕਿ ਨਿਯਮਾਂ ਮੁਤਾਬਕ, ਸਮਾਜਿਕ ਸਹਿਮਤੀ ਨਾਲ ਬਣਾਏ ਰਿਸ਼ਤੇ ਤੋਂ ਅੱਗੇ, ਪੁੱਤਰ ਦੇ ਰੂਪ ਵਿਚ ਜਨਮ ਦੁਆਰਾ ਨਿਰਧਾਰਤ ਰਿਸ਼ਤੇ ਅਤੇ ਇਹਨਾਂ ਰਿਸ਼ਤਿਆਂ ਵਿਚਲੇ ਨਿੱਘ ਦੀ ਬਾਤ ਪਾਉਂਦੇ ਹਨ।

ਮਨੁੱਖ ਸਮਾਜ ਵਿਚ ਪੈਦਾ ਹੁੰਦਾ ਤੇ ਸਮਾਜ ਵਿਚ ਵਿਚਰਦਾ ਹੈ। ਸਮਾਜ ਦੀ ਹੋਂਦ ਮਨੁੱਖ ਨਾਲ ਹੀ ਸੰਭਵ ਹੈ ਤੇ ਸਮਾਜ ਵਿਚ ਵਿਚਰਦਿਆਂ ਮਨੁੱਖ ਨੂੰ ਜਿਉਂਦੇ ਰਹਿਣ ਤੇ ਵਿਕਾਸ ਕਰਨ ਲਈ ਕੁਝ ਲੋੜਾਂ ਰਹਿੰਦੀਆਂ ਹਨ ਜਿਨ੍ਹਾਂ ਦੀ ਪੂਰਤੀ ਹਿਤ ਮਨੁੱਖ ਦੂਜੇ ਮਨੁੱਖਾਂ ਨਾਲ ਜਾਂ ਤਾਂ ਸਹਿਯੋਗ ਕਰਦਾ ਹੈ ਜਾਂ ਸੰਘਰਸ਼। ਇਸੇ ਸਹਿਯੋਗ ਜਾਂ ਸੰਘਰਸ਼ ਦੇ ਨਤੀਜੇ ਵਜੋਂ ਮਨੁੱਖੀ ਰਿਸ਼ਤੇ ਪੈਦਾ ਹੁੰਦੇ ਹਨ। ਮਨੁੱਖੀ ਰਿਸ਼ਤੇ ਸਮਾਜਿਕ ਪ੍ਰਣਾਲੀ ਦਾ ਅੰਗ ਹਨ ਤੇ ਇਸ ਪ੍ਰਣਾਲੀ ਨੂੰ ਰਿਸ਼ਤਾ-ਨਾਤਾ ਪ੍ਰਣਾਲੀ ਕਿਹਾ ਜਾਂਦਾ ਹੈ। ਹਰ ਸਮਾਜ-ਸਭਿਆਚਾਰ ਦੀ ਆਪਣੀ ਰਿਸ਼ਤਾ-ਨਾਤਾ ਪ੍ਰਣਾਲੀ ਹੁੰਦੀ ਹੈ।[2] ਇਹ ਰਿਸ਼ਤਾ-ਨਾਤਾ ਪ੍ਰਬੰਧ ਵਿਅਕਤੀ ਵਿਸ਼ੇਸ਼ ਦੇ ਅਨੇਕ ਸਮਾਜਿਕ ਸੰਦਰਭਾਂ ਵਿਚ ਵੱਖ ਵੱਖ ਵਿਅਕਤੀਆਂ ਨਾਲ ਵੱਖ-ਵੱਖ ਤਰ੍ਹਾਂ ਦੇ ਸੰਬੰਧਾਂ ਨੂੰ ਸਾਹਮਣੇ ਲਿਆ ਕੇ ਸਮੁੱਚੇ ਵਿਧਾਨ ਵਿਚ ਇਕ ਪ੍ਰਬੰਧਕੀ ਵਿਵਸਥਾ ਨੂੰ ਉਸਾਰਦਾ ਹੈ ਤੇ ਨਾਲ ਹੀ ਸਭਿਆਚਾਰਕ ਕੀਮਤਾਂ ਦੀ ਸਿਰਜਣਾ ਵਿਚ ਵੀ ਅਹਿਮ ਰੋਲ ਅਦਾ ਕਰਦਾ ਹੈ। ਇਹ ਇਕ ਅਜਿਹਾ ਪ੍ਰਬੰਧ ਹੈ ਜੋ ਮਨੁੱਖ ਦੇ ਸਮਾਜਿਕ, ਇਤਿਹਾਸਕ, ਪਦਾਰਥਕ ਤੇ ਆਰਥਕ ਵਿਕਾਸ ਦੇ ਅਨੁਸਾਰ ਬਦਲਦਾ ਰਹਿੰਦਾ ਹੈ। ਇਸੇ ਸੰਦਰਭ ਵਿਚ ਅਸੀਂ ਜਦੋਂ ਕਹਾਣੀ ਵੈਲਨਟਾਈਨਜ਼ ਡੇਅ ਦਾ ਅਧਿਐਨ ਕਰਦੇ ਹਾਂ ਤਾਂ ਇਹ ਕਹਾਣੀ ਭਾਰਤੀ ਸਮਾਜ ਵਿਚ ਪ੍ਰਵਾਨਿਤ ਵਿਆਹੁਤਾ ਰਿਸ਼ਤੇ ਦੇ ਅਣਸੁਖਾਵੇਂ ਸੰਬੰਧਾਂ ਦੇ ਆਲੇ-ਦੁਆਲੇ ਘੁੰਮਦੀ ਹੈ। ਕਹਾਣੀ ਦੀ ਸ਼ੁਰੂਆਤ ਦ੍ਰਿਸ਼ ਸਿਰਜਣ ਦੀ ਕਲਾ ਰਾਹੀਂ ਹੁੰਦੀ ਹੈ ਜਦੋਂ ਕਹਾਣੀ

ਦੀ ਨਾਇਕਾ 'ਰੋਜ਼ੀ' ਪਾਰਕਿੰਗ ਲੌਟ ਵਿਚ ਘਬਰਾਈ ਹੋਈ ਹਾਲਤ ਅੰਦਰ ਆਪਣੀ ਕਾਰ ਲੱਭਦੀ ਤੇਜ਼ ਤੇਜ਼ ਤੁਰੀ ਜਾ ਰਹੀ ਹੈ ਤੇ ਉਸਨੂੰ ਅਹਿਸਾਸ ਹੁੰਦਾ ਹੈ ਜਿਵੇਂ ਕੋਈ ਉਸਦਾ ਪਿੱਛਾ ਕਰ ਰਿਹਾ ਹੈ। ਆਪਣੇ ਪਿੱਛੇ ਕਿਸੇ ਅਣਚਾਹੇ ਜਾਂ ਅਣਜਾਣੇ ਬੰਦੇ ਨੂੰ ਨਾ ਵੇਖ ਕੇ ਸੁਖ ਦਾ ਸਾਹ ਲੈਂਦੀ ਰੋਜ਼ੀ ਆਪਣੀ 'ਹਾਈ ਹੀਲ'ਦੀ ਸੈਂਡਲ ਪੈਰਾਂ ਤੋਂ ਲਾਹ ਕੇ ਹਥਾਂ ਵਿਚ ਫੜ ਲੈਂਦੀ ਹੈ ਤੇ ਪਾਰਕਿੰਗ ਲੌਟ ਦੇ ਕੋਨੇ ਵਿਚ ਆਪਣੀ ਕਾਰ ਨੂੰ ਵੇਖ ਉਸ ਅੰਦਰ ਜਾ ਕੇ ਬੈਠ ਜਾਂਦੀ ਹੈ। ਮਨੋਬਚਨੀ ਦੀ ਜੁਗਤ ਰਾਹੀਂ ਸਮੁੱਚੀ ਕਹਾਣੀ ਦਾ ਬਿਰਤਾਂਤ ਅੱਗੇ ਵੱਧਦਾ ਹੈ। ਘਰ ਪਹੁੰਚ ਕੇ ਘਰ ਦਾ ਖਾਲੀਪਨ ਉਸਨੂੰ ਉਦਾਸ ਕਰਦਾ ਹੈ ਜਿਸ ਦਾ ਕਸੂਰਵਾਰ ਉਹ ਆਪਣੇ ਪਤੀ ਬਿਅੰਤ ਨੂੰ ਮੰਨਦੀ ਹੈ ਪਰ ਜਿਵੇਂ ਹੀ ਉਸਦਾ ਧਿਆਨ ਪਰਸ ਵਿਚ ਰੱਖੇ ਪੈਕਰ ਵਲ ਜਾਂਦਾ ਹੈ ਤਾਂ ਉਸਦੀ ਉਦਾਸੀ ਦੂਰ ਹੋ ਜਾਂਦੀ ਹੈ। ਨਾਇਕ ਦਾ ਦੋਵੇਂ ਬੱਚੇ ਆਪਣੇ ਆਪਣੇ ਤੋਂ ਦੇਰ ਰਾਤ ਨੂੰ ਘਰ ਆਉਣ ਬਾਰੇ ਗੱਲ ਕਰਕੇ ਫੋਨ ਰੱਖ ਦਿੰਦੇ ਹਨ।

ਇਧਰੋ ਹੀ ਰੋਜ਼ੀ ਦੇ ਮਨ ਦੀ ਉਧੇੜ ਬੁੰਨ੍ਹ ਸ਼ੁਰੂ ਹੁੰਦੀ ਹੈ। ਉਹ ਆਪਣੇ ਬਚਪਨ ਵਿਚ ਗੁਆਚ ਜਾਂਦੀ ਹੈ। ਉਸਦਾ ਮਨ ਭਾਰਤੀ ਤੇ ਪੱਛਮੀ ਜੀਵਨ ਸ਼ੈਲੀ ਵਿਚਲੇ ਅੰਤਰ ਨੂੰ ਤੁਲਨਾਉਣ ਲੱਗਦਾ ਹੈ। ਘਰ ਵਿਚ ਇੱਕਲਿਆਂ ਹੋਣ ਕਾਰਨ ਉਸ ਨੂੰ ਆਪਣੇ ਬੀਜੀ, ਬਾਊ ਜੀ ਯਾਦ ਆਉਣੇ ਸ਼ੁਰੂ ਹੋ ਜਾਂਦੇ ਹਨ ਤੇ ਨਾਲ ਹੀ ਕੈਲੀਫੋਰਨੀਆ ਵਿਚ ਸਿੰਗਲ ਪੈਰੇਂਟ ਕਾਰਨ ਆਉਂਦੀਆਂ ਦੁਸ਼ਵਾਰੀਆਂ ਦੇ ਚਿੰਨ੍ਹ ਵੀ ਕਹਾਣੀ ਵਿਚ ਅੰਕਿਤ ਹੋਣੇ ਸ਼ੁਰੂ ਹੁੰਦੇ ਹਨ। ਦੋ ਵੱਖਰੇ ਸਮਾਜਾਂ ਤੇ ਪੀੜ੍ਹੀਆਂ ਵਿਚਾਲੇ ਪਾੜੇ ਦੇ ਅੰਤਰ ਨੂੰ ਕਹਾਣੀ ਦੀਆ ਹੇਠ ਲਿਖੀਆਂ ਸਤਰਾਂ ਰਾਹੀਂ ਸਹਿਜੇ ਹੀ ਸਮਝਿਆ ਜਾਂ ਸਕਦਾ ਹੈ:

> ਰੋਜ਼ੀ ਨੇ ਘੜੀ 'ਤੇ ਨਜ਼ਰ ਮਾਰੀ ਤੇ ਰਾਤ ਦਾ ਇਕ ਵਜਿਆ ਹੋਇਆ ਸੀ। ਬਾਈ ਵਰ੍ਹਿਆਂ ਦੀ ਧੀ ਜੈਸਮੀਨ ਤੇ ਚੌਵੀ ਵਰ੍ਹਿਆਂ ਦਾ ਪੁੱਤਰ ਰਾਹੁਲ ... ਅਜੇ ਤਕ ਘਰ ਨਹੀਂ ਆਏ। ਰੋਜ਼ੀ ਜਿਵੇਂ ਕੰਧਾਂ ਨੂੰ ਸੁਣਾ ਕੇ ਕਹਿ ਰਹੀ ਹੋਵੇ, ਇਸ ਜੈਨਰੇਸ਼ਨ ਨੂੰ ਪਤਾ ਨਹੀਂ ਕੀ ਹੋਇਐ...ਇਹ ਰਾਤਾਂ ਨੂੰ ਜਾਗ ਕੇ ਸੜਕਾਂ ਤੇ ਘੁੰਮਦੀ ਹੈ ਤੇ ਦਿਨੇ ਸੌਂਦੀ ਹੈ। ਕੋਈ ਡਰ-ਭੈਅ ਨਹੀਂ...ਅਸੀਂ ਸੂਰਜ ਛਿਪੇ ਜੇ ਘਰ ਵੜਦੇ ਸੀ ਤਾਂ ਘਰ ਦੇ ਸੌ ਸਵਾਲ ਕਰਦੇ ਸੀ।[3]

ਇਕਦਮ ਉਹ ਬਚਿਆਂ ਨੂੰ ਸਪੇਸ ਦੇਣ ਬਾਰੇ ਸੋਚਦੀ ਹੋਈ ਇਸੇ ਨੂੰ ਇਸ ਦੇਸ਼ ਦੇ ਦਸਤੂਰ ਵਜੋਂ ਸਵੀਕਾਰਨ ਦੀ ਹਿਮਾਇਤ ਕਰਦੀ ਹੈ। ਉਸ ਨੂੰ ਲਗਦਾ ਹੈ ਕਿ ਉਸਦੀ ਰੋਕ-ਟੋਕ ਕਾਰਨ ਹੀ ਬਿਅੰਤ ਦਾ ਉਸ ਕੋਲੋਂ ਦੂਰ ਹੋਇਆ ਸੀ ਤੇ ਬਚਿਆਂ ਨੂੰ ਲੈ ਕੇ ਉਹ ਅਜਿਹੀ ਕੋਈ ਵੀ ਗਲਤੀ ਕਰਨ ਤੋਂ ਇਨਕਾਰੀ ਜਾਪਦੀ ਹੈ। ਬਿਅੰਤ ਦਾ ਖਿਆਲ ਆਉਂਦੇ ਹੀ ਰੋਜ਼ੀ ਇਕ ਵਾਰ ਫਿਰ ਆਪਣੀਆਂ ਅਤੀਤ ਦੀਆਂ ਯਾਦਾਂ ਵਿਚ ਗੁੰਮ ਜਾਂਦੀ ਹੈ ਕਿ ਕਿਵੇਂ ਅਖਬਾਰ ਦੇ ਮੈਟਰੀਮੋਨੀਅਲਜ਼ ਵਾਲੇ ਸਫੇ ਤੇ ਆਏ ਰਿਸ਼ਤਿਆਂ ਵਿਚ ਇਕ ਮੁੰਡਾ ਪਸੰਦ ਕਰ ਉਸਦੇ ਮਾਂ-ਪਿਉ ਨੇ ਉਸਦਾ ਵਿਆਹ ਬਿਅੰਤ ਨਾਲ ਕੀਤਾ ਸੀ ਤੇ ਕਿਵੇਂ ਉਹ ਵਿਆਹ ਮਗਰੋਂ ਦਿੱਲੀ ਤੋਂ ਚੰਡੀਗੜ੍ਹ ਤੇ ਚੰਡੀਗੜ੍ਹ ਤੋਂ ਨਾਈਜ਼ੀਰੀਆ ਪਹੁੰਚ ਗਈ ਸੀ। ਚੰਡੀਗੜ੍ਹ ਰਹਿੰਦੀਆਂ ਉਹ ਆਪਣੀ ਸੱਸ, ਨਨਾਣ ਤੇ ਪਤੀ ਨੂੰ ਖੁਸ਼ ਰੱਖਣ ਦੀ ਹਰ ਸੰਭਵ ਕੋਸ਼ਿਸ਼ ਕਰਦੀ ਹੈ, ਉਹਨਾਂ ਦੇ ਦਿਲਾਂ ਨੂੰ ਜਿੱਤਣ ਦਾ ਹਰ ਸੰਭਵ ਹੀਲਾ ਕਰਦੀ ਹੈ। ਵਿਆਹ ਦੇ ਇਕ ਮਹੀਨੇ ਬਾਅਦ ਪਤੀ ਨਾਲ ਨਾਈਜ਼ੀਰੀਆ ਆਉਣ ਮਗਰੋਂ ਬਿਅੰਤ ਆਪਣੀਆਂ ਬਿਜ਼ਨਸ ਮੀਟਿੰਗਾਂ ਤੇ ਦੋਸਤਾਂ ਨਾਲ ਸਮਾਂ ਗੁਜ਼ਾਰਦਾ ਹੈ ਤੇ ਰੋਜ਼ੀ ਨੂੰ ਉਸਦਾ ਬਣਦਾ ਸਪੇਸ ਨਹੀਂ ਦਿੰਦਾ। ਨਿੱਤ ਦੇ ਝਗੜਿਆਂ ਤੋਂ ਦੁਖੀ ਹੋ ਬਿਅੰਤ ਰੋਜ਼ੀ ਨੂੰ ਉਸਦੇ ਬਚਿਆਂ ਸਮੇਤ ਕੈਲੀਫੋਰਨੀਆ ਭੇਜ ਦਿੰਦਾ ਹੈ ਤੇ ਹੌਲੀ-ਹੌਲੀ ਸੰਬੰਧ ਖਤਮ ਕਰ ਲੈਂਦਾ ਹੈ। ਬਾਅਦ ਵਿਚ ਕਾਰੋਬਾਰ ਵਿਚ ਨੁਕਸਾਨ ਹੋਣ ਕਾਰਨ ਗੁੰਮਨਾਮੀ ਦੇ ਹਨੇਰਿਆਂ ਵਿਚ ਗੁਆਚ ਜਾਂਦਾ ਹੈ। ਰੋਜ਼ੀ ਵੀਹ ਸਾਲਾਂ ਤਕ ਬਿਅੰਤ ਦਾ ਇੰਤਜ਼ਾਰ ਕਰਦੀ ਇੱਕਲਿਆਂ ਹੀ ਬਚਿਆਂ ਦੀ ਸਾਰੀ ਜ਼ਿੰਮੇਵਾਰੀਆਂ ਨਿਭਾਉਂਦੀ ਹੈ।

ਕਹਾਣੀ ਜਿਵੇਂ ਜਿਵੇਂ ਅੱਗੇ ਵੱਧਦੀ ਹੈ, ਰੋਜ਼ੀ ਨਾ ਕੇਵਲ ਪਰੰਪਰਾਗਤ ਭਾਰਤੀ ਨਾਰੀ ਦੇ ਕਿਰਦਾਰ ਨੂੰ ਨਿਭਾਉਂਦੀ ਨਜ਼ਰ ਆਉਂਦੀ ਹੈ ਸਗੋਂ ਪੜ੍ਹੀ-ਲਿਖੀ, ਸੁਹਣੀ ਤੇ ਸੰਗੀਤ ਵਿਦਿਆ ਵਿਚ ਵੀ ਮਾਹਰ ਹੁੰਦੀ ਹੈ। ਉਹ ਪਰੰਪਰਾਗਤ ਮਿੱਥਾਂ ਨੂੰ ਤੋੜ ਸੰਗੀਤ ਵਿਦਿਆ ਦੇ ਹੁਨਰ ਨੂੰ ਵਰਤਦਿਆਂ ਵੈਲਨਟਾਈਨਜ਼ ਡੇਅ ਉਤੇ ਕੈਰੀਓਕੇ ਗੀਤ-ਸੰਗੀਤ ਪੇਸ਼ ਕਰਨ ਚਲੀ ਜਾਂਦੀ ਹੈ। ਪ੍ਰੋਗਰਾਮ ਪੇਸ਼ ਕਰਨ ਮਗਰੋਂ ਆਪਣੇ ਪੁਰਾਣੇ ਸੈਂਡਲ ਡਸਟਬਿਨ ਵਿਚ ਸੁੱਟਦੀ 'ਕਾਂਟੋ ਸੇ ਖੀਂਚ ਕੇ ਯਿਹ ਆਂਚਲ...ਤੋੜ ਕੇ ਬੰਧਨ ਬਾਂਧੀ ਪਾਇਲ...ਗੀਤ ਗੁਣਗੁਣਾਉਂਦੀ ਹੋਈ ਬਾਹਰ ਨਿਕਲ ਜਾਂਦੀ ਹੈ। ਇਥੇ ਕਹਾਣੀ ਦਾ ਅੰਤ ਹੋ ਜਾਂਦਾ ਹੈ...ਪਰ ਪਾਠਕਾਂ ਸਾਹਮਣੇ ਕਈ ਅਹਿਮ ਪ੍ਰਸ਼ਨ ਖੜ੍ਹੇ ਕਰ ਜਾਂਦੀ ਹੈ।

ਇਹ ਕਹਾਣੀ ਉਪਰੀ ਨਜ਼ਰੇ ਬੜੀ ਸਾਧਾਰਣ ਪ੍ਰਤੀਤ ਹੁੰਦੀ ਹੈ ਪਰ ਇਹ ਸਿੱਧੇ ਰੂਪ ਵਿਚ ਪਰੰਪਰਕ ਵਿਆਹ ਪ੍ਰਬੰਧ ਤੇ ਗਹਿਰਾ ਕਟਾਕਸ਼ ਕਰਦੀ ਹੈ। ਕਹਾਣੀ ਵਿਚ ਇਕ ਪਏਸੇ ਰੋਜ਼ੀਦਾ ਪਤੀ ਬਿਅੰਤ ਹੈ ਜੋ ਰੋਜ਼ੀ ਦੇ ਸੰਗੀਤਕ ਹੁਨਰ ਨੂੰ ਨਜ਼ਰ ਅੰਦਾਜ਼ ਕਰਦਿਆਂ ਹੋਇਆਂ ਪਰੰਪਰਾਗਤ ਮਰਦ ਮਾਨਸਿਕਤਾ ਦੀ ਪੇਸ਼ਕਾਰੀ ਕਰਦਾ, ਉਸ ਨੂੰ ਮਹਿਜ਼ ਜਿਸਮ ਤੋਂ ਵੱਧ ਕੁਝ ਨਹੀਂ ਸਮਝਦਾ। ਉਹ ਰੋਜ਼ੀ ਨੂੰ ਪਤਨੀ ਹੋਣ ਕਾਰਨ ਉਸਦੇ ਬਣਦੇ ਹੱਕ ਦੇਣ ਤੋਂ ਇਨਕਾਰੀ ਨਜ਼ਰ ਆਉਂਦਾ ਹੈ ਤੇ ਬੋਲਣ ਦੀ ਆਜ਼ਾਦੀ ਵੀ ਨਹੀਂ ਦਿੰਦਾ। ਉਹ ਉਸ ਦੀਆਂ ਫਿਜ਼ੂਲ ਖਰਚੀਆਂ ਦੀ ਰੋਕ-ਟੋਕ ਕਾਰਨ ਉਸਨੂੰ ਉਸਦੇ ਬਚਿਆਂ ਸਮੇਤ ਅਮਰੀਕਾ ਛੱਡ ਆਉਂਦਾ ਤੇ ਮੁੜ ਉਹਨਾਂ ਨਾਲ ਸੰਪਰਕ ਨਹੀਂ ਰੱਖਦਾ।

ਦੂਜੇ ਪਾਸੇ ਉਸਦੇ ਬੱਚੇ ਆਪਣੇ ਹੱਕਾਂ ਪ੍ਰਤੀ ਜਾਗਰੂਕ, ਆਜ਼ਾਦ ਫਿਜ਼ਾ ਵਿਚ ਵਿਚਰਦੇ ਉਸਨੂੰ ਆਜ਼ਾਦੀ ਨਾਲ ਰਹਿਣ ਲਈ ਪ੍ਰੇਰਦੇ ਹਨ। ਰੋਜ਼ੀ ਦਾ ਸੰਗੀਤ ਹੁਨਰ ਉਸਨੂੰ ਆਪਣੇ ਬਚਿਆਂ ਦੀ ਜ਼ਰੂਰਤ ਪੂਰੀ ਕਰਨ ਦਾ ਸਾਧਨ ਲੱਗਦਾ ਹੈ ਜਿਸ ਤੋਂ ਉਸ ਨੂੰ ਚੰਗੀ ਆਮਦਨੀ ਹੋ ਸਕਦੀ ਹੈ। ਇਸ ਲਈ ਉਹ ਪ੍ਰਤੀਰੋਧੀ ਪ੍ਰਸਥਿਤੀਆਂ ਤੋਂ ਸੰਘਰਸ਼ ਕਰਦੀ ਹੋਈ ਨਵੇਂ ਨਕਸ਼ ਗ੍ਰਹਿਣ ਕਰਦੀ ਹੈ। ਕਹਾਣੀ ਇਸ ਵਲ ਵੀ ਇਸ਼ਾਰਾ ਕਰਦੀ ਹੈ ਕਿ ਹਰ ਬੰਦੇ ਅੰਦਰ ਉਸ ਦੀਆਂ ਰਚਨਾਤਮਕ ਸ਼ਕਤੀਆਂ ਸਮੇਤ ਕੁਝ ਹੁਨਰ ਹੁੰਦਾ ਹੈ, ਉਸ ਨੂੰ ਪਛਾਣ ਕੇ ਆਪਣੇ ਲਈ ਵਰਤਣਾ ਚਾਹੀਦਾ ਹੈ। ਇਹ ਕਹਾਣੀ ਆਪਣੀ ਹੋਂਦ ਨੂੰ ਪਛਾਣ ਕੇ, ਆਪਣੀ ਹੋਂਦ ਦੇ ਬੋਧ ਦੀ ਤੇ ਹਨੇਰੇ ਤੋਂ ਰੌਸ਼ਨੀ ਵਲ ਦੀ ਯਾਤਰਾ ਕਰਦੀ ਹੈ। ਕਹਾਣੀ ਵਿਚ ਪੁਰਾਣੇ ਸੈਨਡਲਾਂ ਦਾ ਬਦਲ ਪਿਆਰ ਤੇ ਮੋਹ ਵਿਹੂਣੇ ਦੰਪਤੀ ਸੰਬੰਧਾਂ ਅਤੇ 'ਬਹੁਤਾ ਨਾ ਸਜਿਆ ਕਰ', 'ਉਚੀ ਉਚੀ ਨਾ ਹਸਿਆ ਕਰ', 'ਗਾਉਣ ਦਾ ਸ਼ੌਂਕ ਹੈ ਤਾਂ ਕੀਰਤਨ ਕਰਿਆ ਕਰ' ਵਰਗੀਆਂ ਪਰੰਪਰਾਗਤ ਸੋਚਾਂ ਤੇ ਵਰਜਨਾਵਾਂ ਤੋਂ ਮੁਕਤੀ ਦਾ ਪ੍ਰਤੀਕ ਹੈ।

ਪਿਉ-ਧੀ ਰਿਸ਼ਤੇ ਦੇ ਸੂਖਮ ਅਹਿਸਾਸਾਂ ਨਾਲ ਸੰਬੰਧਤ ਪੁਸਤਕ ਦੀ ਅਗਲੀ ਕਹਾਣੀ ਲੌਹ ਪੁਰਸ਼ ਹੈ। ਸਵੈ-ਸੰਬੋਧਨ (Monologue) ਦੀ ਜੁਗਤ ਰਾਹੀਂ ਸ਼ੁਰੂ ਹੁੰਦੀ ਇਹ ਕਹਾਣੀ 'ਮੈਂ'ਪਾਤਰ ਦੇ ਪਿਤਾ ਦੀ ਕਹਾਣੀ ਹੈ ਜੋ ਸਰੀਰਕ ਤੌਰ ਤੇ ਕਮਜ਼ੋਰ ਪਰ ਸੌ ਸਾਲਾਂ ਦੀ ਉਮਰ ਵਿਚ ਵੀ ਲੌਹ ਪੁਰਸ਼ ਵਾਂਗ ਸਖ਼ਤ ਇਰਾਦਿਆਂ ਨਾਲ ਭਰਪੂਰ ਨਜ਼ਰ ਆਉਂਦੇ ਹਨ। ਪਰਦੇਸ ਤੋਂ ਆਈ ਕਹਾਣੀ ਦੀ 'ਮੈਂ' ਪਾਤਰ ਜਦੋਂ 14 ਵਰ੍ਹਿਆਂ ਬਾਅਦ ਆਪਣੇ ਪਿਤਾ ਨੂੰ 'ਵੀਲ੍ਹ ਚੇਅਰ'ਤੇ ਵੇਖਦੀ ਹੈ ਤਾਂ ਉਸਦੇ ਅੱਥਰੂ ਆਪ ਮੁਹਾਰੇ ਹੀ ਉਸਦੀਆਂ ਅੱਖਾਂ ਤੋਂ ਵਹਿ ਤੁਰਦੇ ਹਨ। ਇਧਰੋਂ ਹੀ 'ਮੈਂ'ਪਤਾਰ ਦੇ ਅਵਚੇਤਨ ਵਿਚਲਾ ਆਪਣੇ ਪਿਤਾ ਦੀ ਜੁਆਨੀ ਦਾ ਅਕਸ ਉਭਰਨ ਲੱਗਦਾ ਹੈ:

> ਜਵਾਨੀ ਵੇਲੇ ਕਿੰਨੇ ਹੈਂਡਸਮ ਹੁੰਦੇ ਸਨ ਪਾਪਾ... ਸਿਰ ਤੇ ਪਰਿੰਟਡ ਪੱਗੜੀ...ਅੱਖਾਂ ਤੇ ਕਾਲੇ ਚਸ਼ਮੇ... 'ਰਾਇਲ ਐਨ ਫੀਲਡ' ਮੋਟਰ ਸਾਈਕਲ ਤੇ ਜਦੋਂ ਦਿੱਲੀ ਦੇ ਕਨੋਟ ਪਲੇਸ 'ਚ ਸਥਿਤ ਆਪਣੇ ਦਫਤਰ ਜਾਂਦੇ ਤਾਂ ਉਨ੍ਹਾਂ ਦਾ ਰੌਅਬ ਦੇਖਣ ਵਾਲਾ ਹੁੰਦਾ। ਇਕ ਉਹ ਗਜ਼ਟਿਡ ਅਫਸਰ ਅਤੇ ਇਕ ਆਹ ਬੇਬੱਸ ਬਜ਼ੁਰਗ।[4]

ਸ਼ਾਮ ਨੂੰ ਘਰ ਵਿਚ ਦਾਖਲ ਹੋਣ ਤੋਂ ਰਾਤ ਤੱਕ ਤੇ ਰਾਤ ਤੋਂ ਸਵੇਰ ਹੋਣ ਤੱਕ ਨਾਇਕਾ ਦੇ ਮਨ ਵਿਚ ਪਿਤਾ ਨਾਲ ਜੁੜੀਆਂ ਅਤੀਤ ਦੀਆਂ ਨਿੱਕੀਆਂ ਨਿੱਕੀਆਂ ਯਾਦਾਂ/ਘਟਨਾਵਾਂ ਰਾਹੀਂ ਇਸ ਕਹਾਣੀ ਦਾ ਬਿਰਤਾਂਤ ਸਿਰਜਿਆ ਗਿਆ ਹੈ। ਕੈਲੀਫੋਰਨੀਆ ਤੋਂ ਦਿੱਲੀ ਅਤੇ ਦਿੱਲੀ ਤੋਂ ਜਲੰਧਰ ਦਾ ਥਕੇਂਵਾ ਭਰਿਆ ਸਫਰ ਤੈਅ ਕਰਨ ਤੋਂ ਬਾਅਦ 'ਮੈਂ'ਪਾਤਰ ਰੋਟੀ ਖਾ ਕੇ ਕੁਝ ਦੇਰ ਲਈ ਸੌਂ ਜਾਂਦੀ ਹੈ ਤੇ ਅੱਧੀ ਰਾਤ ਨੂੰ ਜਾਗ ਖੁੱਲ੍ਹਣ ਕਾਰਨ ਮੁੜ ਆਪਣੇ ਪਿਤਾ ਬਾਰੇ ਸੋਚਣਾ ਸ਼ੁਰੂ ਕਰ ਦਿੰਦੀ ਹੈ। ਜਿਸ ਕਮਰੇ ਵਿਚ 'ਮੈਂ'ਪਾਤਰ ਸੁੱਤੀ ਹੋਈ ਸੀ, ਉਹ ਉਸ ਕਮਰੇ ਨੂੰ ਵੀ ਗੌਰ ਨਾਲ ਵੇਖਦੀ ਹੈ ਤੇ ਸੋਚਦੀ ਹੈ ਕਿ ਇਹ ਘਰ ਵੀ ਉਸਦੇ ਪਿਤਾ ਨੇ ਉਸਦੇ ਭਰਾ ਦੀ ਮੌਤ ਤੋਂ ਬਾਅਦ ਆਪਣੀ ਨੂੰਹ ਤੇ ਉਸਦੇ ਬਚਿਆਂ ਲਈ ਬਣਾਇਆ ਸੀ ਤਾਂ ਜੋ ਉਹ ਸੁਰਖਿਅਤ ਰਹਿ ਸਕਣ।

ਭਾਰਤੀ ਸਮਾਜ ਵਿਚ ਸੰਯੁਕਤ ਪਰਿਵਾਰਾਂ ਦਾ ਆਪਣਾ ਇਕ ਮਹੱਤਵ ਰਿਹਾ ਹੈ। ਪਰਿਵਾਰ ਨੂੰ ਬੰਨ੍ਹ ਕੇ ਰੱਖਣ ਵਾਲਾ ਤੇ ਚਲਾਉਣ ਵਾਲਾ ਘਰ ਦਾ ਮੁਖਿਆ ਇਕ ਅਜਿਹੇ ਬੋਹੜ ਦੇ ਦਰਖਤ ਵਾਂਗ ਹੁੰਦਾ ਹੈ ਜਿਸ ਦੀ ਛਾਂ ਹੇਠਾਂ ਘਰ ਦੇ ਸਾਰੇ ਜੀਅ ਆਪਣੇ ਆਪ ਨੂੰ ਸੁਰਖਿਅਤ ਮਹਿਸੂਸ ਕਰਦੇ ਹਨ। ਜੇਕਰ ਕਿਸੇ ਸੰਯੁਕਤ ਪਰਿਵਾਰ ਦਾ ਕੋਈ ਜੀਅ ਅਚਾਨਕ ਕਾਲਵਸ ਹੋ ਵੀ ਜਾਂਦਾ ਤਾਂ ਵੀ ਪਰਿਵਾਰ ਉਸੇ ਤਰ੍ਹਾਂ ਚਲਦਾ ਰਹਿੰਦਾ ਹੈ। ਕਹਾਣੀ ਦੀ ਮੈਂ ਪਾਤਰ ਆਪਣੇ ਪਿਤਾ ਨੂੰ ਅਜਿਹੇ ਹੀ ਦਰਖਤ ਵਾਂਗ ਵੇਖਦੀ ਹੈ ਜੋ ਆਪਣੀ ਜ਼ਿੰਦਗੀ ਵਿਚ ਆਉਂਦੇ ਅਨੇਕਾਂ ਤੂਫਾਨਾਂ ਦੀ ਮਾਰ ਝੱਲਦਿਆਂ ਹੋਇਆ ਵੀ ਉਸੇ ਤਰ੍ਹਾਂ ਅਡੋਲ ਖੜ੍ਹਾ ਹੋਇਆ ਹੈ ਤੇ ਉਸਦੀ ਛਾਂ ਹੇਠਾਂ ਪੂਰਾ ਪਰਿਵਾਰ ਆਪਣੇ ਆਪ ਨੂੰ ਸਰਖਿਅਤ ਮਹਿਸੂਸ ਕਰਦਾ ਹੈ। ਉਸਨੂੰ ਆਪਣੇ ਪਿਤਾ ਉਤੇ ਮਾਣ ਹੁੰਦਾ ਹੈ ਕਿ ਉਸਦਾ ਪਿਤਾ ਉਸ ਲੌਹ ਪੁਰਸ਼ ਵਾਂਗ ਹੈ ਜੋ ਆਪਣੇ ਪੁੱਤਰ ਦੀ ਮੌਤ ਮਗਰੋਂ ਆਪਣੀ ਨੂੰਹ ਵਾਸਤੇ ਢਾਲ ਬਣਦਾ ਹੈ, ਪਿੰਡ ਤੋਂ ਸ਼ਹਿਰ ਆ ਕੇ ਆਪਣੇ ਪੋਟੇ-ਪੋਤੀਆਂ ਲਈ ਚੰਗੀ ਸਿਖਿਆ ਦਾ ਇੰਤਜ਼ਾਮ ਕਰਦਾ ਹੈ ਤੇ ਨੂੰਹ ਨੂੰ ਧੀ ਦਾ ਦਰਜਾ ਦੇ ਕੇ, ਸਮਾਜ ਦੀਆਂ ਬੁਰੀਆਂ ਨਜ਼ਰਾਂ ਤੋਂ ਉਸਦੀ ਰਾਖੀ ਵੀ ਕਰਦਾ ਹੈ। 'ਮੈਂ' ਪਾਤਰ ਦੀ ਭਰਜਾਈ ਦੱਸਦੀ ਹੈ,

> ਪਾਪਾ ਜੀ ਕਹਿੰਦੇ... ਉਹ ਤਾਂ ਚਲੇ ਗਿਆ ਪਰ ਤੂੰ ਤਾਂ ਆਪ ਵੀ ਜੀਊਣਾ ਹੈ ਤੇ ਬਚਿਆਂ ਦੀ ਮਾਂ ਤੇ ਪਿਉਂ ਦੋਵੇਂ ਬਣਨੈ...ਸੱਚੀ ਭੈਣ ਜੀ, ਪਾਪਾ ਜੀ ਨੇ ਸਾਨੂੰ ਜ਼ਰਾ ਵੀ ਦੁਖ ਨਹੀਂ ਦੇਖਣ ਦਿੱਤਾ।[5]

ਆਪਣੇ ਪਿਤਾ ਬਾਰੇ ਅਜਿਹਾ ਸੁਣ ਕੇ 'ਮੈਂ' ਪਾਤਰ ਦਾ ਸਿਰ ਆਪਣੇ ਪਿਤਾ ਲਈ ਇਕ ਵਾਰ ਫਿਰ ਮਾਣ ਨਾਲ ਉਚਾ ਹੋ ਜਾਂਦਾ ਹੈ ਤੇ ਉਹ ਸੋਚਦੀ ਹੈ, 'ਮੇਰੇ ਪਾਪਾ ਸੱਚਮੁਚ ਹੀ ਬਹੁਤ ਗ੍ਰੇਟ ਹਨ।'[6]

ਆਪਣੇ ਪਿਤਾ ਦੇ ਮਜ਼ਬੂਤ ਹੌਂਸਲਿਆਂ ਦੀ ਦੂਜੀ ਮਿਸਾਲ ਕਹਾਣੀ ਦੀ ਨਾਇਕਾ ਉਦੋਂ ਦੀ ਦਿੰਦੀ ਹੈ ਜਦੋਂ ਉਸਦੇ ਸਭ ਤੋਂ ਨਿੱਕੇ ਤੇ ਦੂਜੇ ਭਰਾ ਰਾਜੂ ਦੀ ਡੁੱਬ ਕੇ ਮੌਤ ਹੋ ਜਾਂਦੀ ਹੈ। ਉਹ ਲਿਖਦੀ ਹੈ;

> ਸੋਲ੍ਹਾਂ ਸਾਲਾਂ ਦੇ ਸਭ ਤੋਂ ਨਿੱਕੇ ਵੀਰ ਨੂੰ ਘਰ ਦੇ ਵਰਾਂਡੇ ਵਿਚ ਨਿਰਜਿੰਦ ਪਿਆ ਵੇਖ ਸਾਡੀ ਤਾਂ ਦੁਨੀਆਂ ਹੀ ਉੱਜੜ ਗਈ...ਪਾਪਾ ਨੇ ਇਕ ਵੀ ਹੰਝੂ ਨਾ ਕੇਰਿਆ... ਬਸ ਇਹੀ ਆਖਣ, 'ਜਿਸ ਕੀ ਵਸਤ ਤਿਸੁ ਆਗੈ ਰਾਖੈ।' ਜੁਆਨ ਪੁੱਤਰ ਦਾ ਸਸਕਾਰ ਕਰਨ ਤੋਂ ਬਾਅਦ ਉਨ੍ਹਾਂ ਆ ਕੇ ਮੂੰਹ ਹੱਥ ਧੋਤਾ ਤੇ ਰਹਿਰਾਸ ਸਾਹਿਬ ਦਾ ਪਾਠ ਕੀਤਾ।[7]

ਇਹ ਸੋਚ ਕੇ ਨਾਇਕਾ ਫਿਰ ਆਪਣੇ ਮਨ ਹੀ ਮਨ ਆਪਣੇ ਪਿਤਾ ਤੋਂ ਸੁਆਲ ਕਰਦੀ ਹੈ, 'ਕਿਵੇਂ ਕੀਤਾ ਹੋਵੇਗਾ ਇਹ ਸਭ ਪਾਪਾ ਤੁਸੀਂ।'[8]

ਅਜਿਹੇ ਸਮੇਂ ਜਦੋਂ ਘਰ ਵਿਚ ਪਿਤਾ ਤੋਂ ਛੁੱਟ ਕੋਈ ਦੂਜਾ ਮਰਦ ਨਾ ਬਚਿਆਂ ਹੋਵੇ ਤਾਂ ਵੀ ਉਸਦੇ ਪਿਤਾ ਜੀ ਇਤਿਹਾਸ-ਮਿਥਿਹਾਸ ਤੋਂ ਹਵਾਲੇ ਦਿੰਦੇ ਹੋਏ ਸਾਰਿਆਂ ਦਾ ਖਿਆਲ ਰੱਖਦੇ ਹਨ ਤੇ ਕਿਸੇ ਨੂੰ ਡੋਲਣ ਨਹੀਂ ਦਿੰਦੇ। ਉਦੋਂ ਆਪ ਮੁਹਾਰੇ ਹੀ ਨਾਇਕਾ ਦੇ ਮੂੰਹੋਂ ਨਿਕਲਦਾ ਹੈ;

> ਸੱਚਮੁੱਚ ਮੇਰੇ ਪਾਪਾ ਆਇਰਨ ਮੈਨ ਨੇ... ਆਈ ਐਮ ਸੋ ਪਰਾਊਡ ਆਫ ਯੂ ਪਾਪਾ।[9]

ਇਸ ਕਹਾਣੀ ਵਿਚ ਇਕ ਰਾਤ ਅੰਦਰ ਨਾਇਕਾ ਆਪਣੇ ਪਾਪਾ ਦਾ ਚਰਿੱਤਰ ਚਿਤਰਣ ਕਰਦੀ ਉਹਨਾਂ ਦੀ ਸ਼ਖਸਿਅਤ ਦੇ ਹੋਰ ਵੀ ਕਈ ਪਹਿਲੂਆਂ ਨੂੰ ਪਾਠਕਾਂ ਦੇ ਸਾਹਮਣੇ ਰੱਖਦੀ ਹੈ ਜਿਵੇਂ; ਰਾਤ ਨੂੰ ਦੋ ਵਜੇ ਉਠ ਕੇ, ਨਹਾ ਧੋ ਕੇ, ਨਿਤਨੇਮ ਕਰਨ ਮਗਰੋਂ, ਸੌ ਸਾਲਾਂ ਦੀ ਉਮਰ ਵਿਚ ਘਰ ਤੋਂ ਇਕ ਕਿਲੋਮੀਟਰ ਦੂਰ ਗੁਰਦੁਆਰੇ ਆਪ ਤੁਰ ਕੇ ਜਾਣਾ, ਚੂਲਾ ਟੁੱਟਣ ਮਗਰੋਂ ਤੁਰਨ-ਫਿਰਨ ਦੀ ਸਮਰਥ ਨਾ ਹੋਣ ਦੇ ਬਾਵਜੂਦ ਵੀ ਵਿਸਾਖੀਆਂ ਦੇ ਸਹਾਰੇ ਤੁਰਨਾ ਆਦਿ।

ਤਕਨੀਕ ਦੇ ਪੱਖੋ ਤੋਂ ਦੇਖਦਿਆਂ ਇਹ ਕਹਾਣੀ ਬਿਰਤਾਂਤ ਦੀਆਂ ਕਈ ਜੁਗਤਾਂ ਨੂੰ ਨਾਲੋਂ-ਨਾਲ ਲੈ ਕੇ ਚਲਦੀ ਹੈ। ਸਮੁੱਚੀ ਕਹਾਣੀ ਦਾ ਬਿਰਤਾਂਤ ਇਕ ਰਾਤ ਤੋਂ ਸਵੇਰ ਹੋਣ ਦੇ ਦਰਮਿਆਨ ਸਿਰਜਿਆ ਗਿਆ ਹੈ ਪਰ ਕਹਾਣੀ ਵਿਚ ਇਕ ਥਾਂ 'ਤੇ ਲੇਖਿਕਾ ਸ਼ਬਦਲੋਪ ਦੀ ਜੁਗਤ ਦਾ ਸਹਾਰਾ ਲੈਂਦੀ ਵੀ ਨਜ਼ਰ ਆਉਂਦੀ ਹੈ ਜਿਵੇਂ; 'ਪਤਾ ਹੀ ਨਾ ਲਗਿਆ ਦੋ ਹਫਤੇ ਕਿਵੇਂ ਬੀਤ ਗਏ।' ਹੁਣ ਟੈਕਸੀ ਘਰ ਦੇ ਬਾਹਰ ਖੜੀ ਹੈ ਤੇ ਉਹ ਆਪਣੇ ਪਾਪਾ ਨੂੰ ਆਪਣਾ ਖਿਆਲ ਰੱਖਣ ਲਈ ਕਹਿੰਦੀ ਹੈ। ਜੁਆਬ ਵਜੋਂ ਉਹ ਕਹਿੰਦੇ ਹਨ;

> ਮੇਰਾ ਏਨਾ ਫਿਕਰ ਨਾ ਕਰਿਆ ਕਰ ਪੁੱਤ ਤੂੰ। ਅਜੇ ਕੁਝ ਨਹੀਂ ਹੁੰਦਾ ਮੈਨੂੰ। ਤੇਰਾ ਪਾਪਾ ਕਿਤੇ ਐਨਾ ਕਮਜ਼ੋਰ ਐਂ। ਦੇਖ... ਹੁਣ ਤਾਂ ਮੇਰੀ ਦਾੜ੍ਹੀ ਦੇ ਵਾਲ ਵੀ ਥੋੜ੍ਹੇ-ਥੋੜ੍ਹੇ ਕਾਲੇ ਹੋਣੇ ਸ਼ੁਰੂ ਹੋ ਗਏ ਨੇ, ਖੁਸ਼ ਖੁਸ਼ ਜਾਹ ਆਪਣੇ ਘਰ...ਅਗਲੇ ਬਾਰ ਆਏਂਗੀ ਤਾਂ ਸ਼ਾਇਦ ਦੰਦ ਵੀ ਦੁਬਾਰਾ ਨਿਕਲ ਆਉਣ।'[10]

ਇਥੇ ਕਹਾਣੀ ਖਤਮ ਹੋ ਜਾਂਦੀ ਹੈ। ਅਜਿਹਾ ਹੌਂਸਲਾ ਵੀ ਸੱਚਮੁੱਚ ਕੋਈ ਲੌਹ ਪੁਰਸ਼ ਹੀ ਦੇ ਸਕਦਾ ਹੈ। ਇਥੇ ਜ਼ਿਕਰਯੋਗ ਗੱਲ ਇਹ ਹੈ ਕਿ ਕਹਾਣੀ ਦੀ ਬਿਰਤਾਂਤਕਾਰੀ ਸਮੇਂ ਪਿਤਾ ਆਪਣੇ ਪੈਰਾਂ ਨਾਲ ਤੁਰਨ ਦੇ ਅਸਮਰਥ ਉਦੋਂ ਹੁੰਦਾ ਹੈ ਜਦੋਂ ਉਸਦੇ ਦੋਵੇਂ ਪੁੱਤਰ ਇਸ ਦੁਨੀਆ ਨੂੰ ਛੱਡ ਕੇ ਚਲੇ ਜਾਂਦੇ ਹਨ। ਜਦੋਂ ਉਹ ਆਪ ਬਜ਼ੁਰਗ ਹੋ ਗਿਆ ਹੈ ਤੇ ਉਸਨੂੰ ਆਪਣੇ ਬਚਿਆਂ ਦੀ ਲੋੜ ਹੈ। ਇਥੇ ਪੁੱਤਰਾਂ ਦੀ ਮੌਤ ਤੇ ਪਿਤਾ ਦਾ ਵੀਲ੍ਹ ਚੇਅਰ ਤੇ ਜਾਂ ਵਿਸਾਖੀਆਂ ਤੇ ਨਿਰਭਰ ਹੋਣਾ ਇਥੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ। ਇਸ ਸਭ ਦੇ ਬਾਵਜੂਦ ਪਿਤਾ ਆਪਣੇ ਸਮੇਤ ਆਪਣੇ ਘਰ ਨੂੰ ਸਾਂਭਦਾ ਹੈ। ਲੇਖਿਕਾ ਦਾ ਆਪਣੇ ਪਿਤਾ ਦੇ ਨਾਲ ਰਹਿ ਕੇ ਵੀ ਬਾਰ-ਬਾਰ ਉਹਨਾਂ ਦੀਆਂ ਯਾਦਾਂ ਨਾਲ ਮੁੜ-ਮੁੜ ਜੁੜਨਾ, ਅਜਿਹਾ ਆਭਾਸ ਦਿੰਦਾ ਹੈ ਜਿਵੇਂ ਉਹ ਇਸ ਤੋਂ ਕੋਈ ਤਾਕਤ ਲੈ ਰਹੀ ਹੋਵੇ। ਇਹ ਕਹਾਣੀ ਧੀ ਦੇ ਆਪਣੇ ਪਿਉ ਨਾਲ ਅਣਕਹੀਆਂ ਗੱਲਾਂ ਨੂੰ ਪਾਠਕਾਂ ਨਾਲ ਸਾਂਝਿਆਂ ਕਰਨ ਦੀ ਕਹਾਣੀ ਹੈ। ਇਹ ਕਹਾਣੀ ਸੰਯੁਕਤ ਪਰਿਵਾਰ ਦੇ ਮਹੱਤਵ ਨੂੰ ਪ੍ਰਗਟਾਉਂਦੀ ਮਾਨਵੀ ਵੇਦਨਾ, ਸੰਵੇਦਨਾ ਤੇ ਮਨੁੱਖੀ ਰਿਸ਼ਤਿਆਂ ਦੀ ਇਕ ਮਿਸਾਲ ਕਹਾਣੀ ਹੈ।

ਚਰਚਾ ਅਧੀਨ ਅਗਲੀ ਕਹਾਣੀ 'ਜੁਗਨੂੰ'ਹੈ। ਇਹ ਕਹਾਣੀ ਸਾਈਬਰ ਸਪੇਸ ਵਿਚ ਬਣਦੇ ਰਿਸ਼ਤਿਆਂ ਦੀ ਆਧਾਰਹੀਣਤਾ ਨੂੰ ਦਰਸਾਉਂਦੀ ਹੈ। ਉੱਤਰ ਆਧੁਨਿਕ ਦੌਰ ਵਿਚ ਤਕਨਾਲੋਜੀ ਜੀਵਨ ਦਾ ਅਹਿਮ ਅੰਗ ਬਣ ਚੁੱਕੀ ਹੈ। ਫਿਰ ਇਹ ਤਕਨਾਲੋਜੀ ਸੰਚਾਰ ਸਾਧਨਾਂ ਦੀ ਹੋਵੇ ਜਾਂ ਸੂਚਨਾ ਦੀ। ਇਸ ਕਹਾਣੀ ਦਾ ਕਥਾ-ਬਿਰਤਾਂਤ 'ਜੁਹਨੂੰ'ਨਾਂ ਦੀ ਫੇਕ ਫੇਸਬੁੱਕ ਆਈ.ਡੀ ਦੇ ਇਰਦ-ਗਿਰਦ ਉਸਰਿਆ ਹੋਇਆ ਹੈ। ਕੈਨੇਡਾ ਵਰਗੇ ਵਿਕਸਿਤ ਮੁਲਕ ਵਿਚ ਵਿਚਰਦਿਆਂ ਕਹਾਣੀ ਦੀ ਮੁਖ ਪਾਤਰ ਮਨ ਦੇ ਅੰਦਰ ਤੇ ਬਾਹਰ ਪਸਰਦੀ ਜਾ ਰਹੀ ਠੰਡ ਕਾਰਣ ਫੇਸਬੁੱਕ 'ਤੇ ਆਪਣਾ ਅਕਾਉਂਟ ਖੋਲ੍ਹਦੀ ਹੈ ਤੇ ਹੌਲੀ-ਹੌਲੀ ਫੇਸਬੁੱਕ ਦੇ ਸਾਹਿਤਕ ਗਰੁੱਪਾਂ ਵਿਚ ਆਪਣੀ ਥਾਂ ਬਣਾ ਲੈਂਦੀ ਹੈ। ਅਜਿਹੇ ਹੀ ਇਕ ਗੁਰੱਪ ਵਿਚ 'ਜੁਗਨੂੰ'ਨਾਂ ਦੀ ਇਕ ਫੇਸਬੁੱਕ ਫਰੈਂਡ ਨਾਲ ਉਹ ਮਨੋਂ ਜੁੜਦੀ ਚਲੀ ਜਾਂਦੀ ਹੈ ਤੇ ਕਦੇ-ਕਦੇ ਇਨਬਾਕਸ ਵਿਚ ਮੈਸੇਜ ਰਾਹੀਂ ਉਸ ਨਾਲ ਰਾ-ਬ-ਤਾ ਬਣਾਏ ਰੱਖਣ ਦੀ ਕੋਸ਼ਿਸ਼ ਕਰਦੀ ਹੈ। ਇਕ ਦਿਨ ਅਚਾਨਕ 'ਆਰ.ਆਈ.ਪੀ ਜੁਗਨੂੰ' ਲਿਖਿਆ ਪੜ੍ਹ ਕੇ ਕਹਾਣੀ ਦੀ ਮੁੱਖ ਪਾਤਰ ਸਾਵੀ ਉਦਾਸ ਹੋ ਜਾਂਦੀ ਹੈ। ਜਲਦ ਹੀ ਉਸਨੂੰ ਪਤਾ ਚਲਦਾ ਹੈ ਕਿ ਜੁਗਨੂੰ ਨਾਂ ਦੀ ਆਈ.ਡੀ ਫੇਕ ਸੀ। ਕਹਾਣੀ ਜੁਗਨੂੰ ਨਾਲ ਦੋਸਤੀ ਤੋਂ ਉਸ ਦੀ ਮੌਤ ਦੀ ਖ਼ਬਰ ਆਉਣ ਤੱਕ ਦੇ ਸਮੇਂ ਅੰਦਰ ਮੁਖ ਪਾਤਰ ਦੀ ਮਾਨਸਿਕ ਕੈਫੀਅਤ ਨੂੰ ਵੱਖਰੇ-ਵੱਖਰੇ ਤਰੀਕਿਆਂ ਨਾਲ ਦਰਸਾਉਂਦੀ ਹੈ ਜਿਸ ਨੂੰ ਕਹਾਣੀ ਵਿਚ ਦਿੱਤੇ ਕਈ ਹਵਾਲਿਆਂ ਨਾਲ ਸਮਝਿਆ ਜਾ ਸਕਦਾ ਹੈ ਜਿਵੇਂ:

> ਮਹੈਅ...ਆ। ਇਹ ਫੇਸਬੁੱਕ ਵੀ ਬੱਸ...। ਭਾਵੇਂ ਉਤਾਵਲੀ ਉਹ ਵੀ ਉਨੀ ਹੀ ਸੀ ਪਰ ਬਚਿਆਂ ਨੂੰ ਦੱਸ ਨਹੀਂ ਸੀ ਸਕਦੀ।[11]
>
> ਜਾਂ
>
> ਸਾਵੀ ਗੱਲਾਂ ਤਾਂ ਰੇਨੂੰ ਨਾਲ ਕਰੀ ਜਾਵੇ ਪਰ ਧਿਆਨ ਉਸਦਾ ਸੀ ਫੇਸਬੁੱਕ ਵਲ। ਜਦੋਂ ਤੋਂ ਉਸਨੇ ਫੇਸਬੁੱਕ ਤੇ ਆਰ.ਆਈ.ਪੀ ਜੁਗਨੂੰ ਲਿਖਿਆ ਪੜ੍ਹਿਆ ਉਹ ਉੱਖੜੀ ਉੱਖੜੀ ਜਿਹੀ ਸੀ। ਉਸਨੂੰ ਆਲੇ-ਦੁਆਲੇ ਸਾਰਾ ਕੁਝ ਅਸਤ-ਵਿਅਸਤ ਹੋਇਆ ਲੱਗੀ ਜਾਵੇ।[12]

ਇਨ੍ਹਾਂ ਹੀ ਨਹੀਂ ਕਹਾਣੀ ਡਿਜੀਟਲ ਕਲਚਰ ਵਿਚ ਵਿਚਰਦੇ ਮਨੁੱਖਾਂ ਦੀ ਜ਼ਿੰਦਗੀ ਬਿਤਾਉਣ ਦੇ ਢੰਗ ਦੇ ਰੁਪਾਂਤਰਣ ਨੂੰ ਹੀ ਨਹੀਂ ਦਿਖਾਉਂਦੀ ਸਗੋਂ ਇਸ ਵਰਤਾਰੇ ਨੇ ਕਿਵੇਂ ਮਨੁੱਖੀ ਮਾਨਸਿਕਤਾ ਨੂੰ ਜਕੜ ਲਿਆ ਹੈ ਤੇ ਮਨੁੱਖ ਕਿਵੇਂ ਫੇਸਬੁੱਕ ਦੀ ਵੱਧ ਰਹੀ ਅਡਿਕਸ਼ਨ ਵਿਚ ਫਸ ਗਿਆ ਹੈ, ਬਾਰੇ ਵੀ ਸੰਕੇਤ ਕਰਦੀ ਹੈ ਜਿਵੇਂ:

> ਇਹ ਇੱਕੀਵੀਂ ਸਦੀ ਕਾਹਦੀ ਚੜ੍ਹੀ, ਫੇਸਬੁੱਕ ਨੇ ਤਾਂ ਲੋਕਾਂ ਨੂੰ ਕਮਲੇ ਹੀ ਕਰ ਦਿੱਤਾ। ਕਾਲਜ ਦੇ ਸਟਾਫ ਰੂਮ ਵਿਚ ਵੀ ਇਹੀ ਕੁਝ ਹੁੰਦਾ ਸੀ, ਸਾਰੇ ਲੈਕਚਰਾਰ ਆਉਂਦੇ ਹੀ ਬੈਠ ਜਾਂਦੇ ਆਪਣੇ ਆਪਣੇ ਲੈਪਟੌਪ 'ਤੇ। ਆਪਸ ਵਿਚ ਕੋਈ ਗੱਲ ਹੀ ਨਹੀਂ ਸੀ ਕਰਦਾ, ਸਟਾਫ ਰੂਮ ਵਿਚ ਬੈਠੇ ਆਪਸ ਵਿਚ ਹੀ ਫੇਸਬੁੱਕ 'ਤੇ ਚੈਟ ਕਰੀ ਜਾਂਦੇ।[13]

ਇਹ ਸਥਿਤੀ ਪਰਵਾਸੀ ਸਭਿਆਚਾਰ ਦੇ ਪਦਾਰਥਕ ਸਰੂਪ ਦਾ ਚਿੱਤਰ ਬਾਖੂਬੀ ਪੇਸ਼ ਕਰਦੀ ਹੈ। ਪਦਾਰਥਕ ਸਭਿਆਚਾਰ ਵਿਚ ਉਹ ਸਾਰੀਆਂ ਵਸਤਾਂ ਆਉਂਦੀਆਂ ਹਨ ਜੋ ਮਨੁੱਖ ਨੇ ਸਿਰਜੀਆਂ ਹਨ ਜਾਂ ਜਿਨ੍ਹਾਂ ਨੂੰ ਮਨੁੱਖ ਵਰਤਦਾ ਹੈ, ਭਾਵੇਂ ਉਹ ਪ੍ਰਕਿਰਤੀ ਵਿਚ ਹੀ ਬਣੀਆਂ ਬਣਾਈਆਂ ਕਿਉਂ ਨਾ ਮਿਲਦੀਆਂ ਹੋਣ। ਸਭਿਆਚਾਰ ਦੇ ਪਦਾਰਥਕ ਅੰਗ ਸਭਿਆਚਾਰ ਦੀ ਪਛਾਣ ਲਈ ਬਹੁਤ ਹੀ ਮਹੱਤਵਪੂਰਣ ਮਾਧਿਅਮ ਹਨ।[14] ਕਹਾਣੀ ਦੀ ਮੁਖ ਪਾਤਰ ਦੁਆਰਾ ਸਵੈ-ਸੰਵਾਦੀ (Monologue) ਪ੍ਰਕਿਰਿਆ ਰਾਹੀਂ ਪਤਾ ਚਲਦਾ ਹੈ ਕਿ ਉਹ (ਸਾਵੀ) ਆਪ ਵੀ ਅਜਿਹੀ ਅਡਿਕਸ਼ਨ ਦੀ ਸ਼ਿਕਾਰ ਹੈ ਜਿਵੇਂ:

> ਨਵੀ ਕੰਪਿਊਟਰ ਦੀ ਦੁਨੀਆ ਵਿਚ ਗੁੰਮਿਆ ਹੋਇਆ ਸੀ।... ਪਰ ਸੱਚੀ ਗੱਲ ਇਹ ਸੀ ਕਿ ਅੰਦਰੋਂ ਅੱਚਵੀਂ ਤਾਂ ਸਾਵੀ ਨੂੰ ਵੀ ਲੱਗੀ ਹੋਈ ਸੀ, ਉਹ ਵੀ ਇੰਤਜ਼ਾਰ ਵਿਚ ਸੀ ਕਿ ਕਦੋਂ ਲੈਪਟੌਪ ਵਿਹਲਾ ਹੋਵੇ ਤੇ ਕਦੋਂ ਉਹ ਵੀ ਆਪਣੀ ਫੇਸਬੁੱਕ ਚੈੱਕ ਕਰੇ। ਜਦੋਂ ਉਸਦੀ ਇਸ ਅਡਿਕਸ਼ਨ ਬਾਰੇ ਕੋਈ ਉਸਨੂੰ ਟੋਕਦਾ ਤਾਂ ਉਹ ਅਕਸਰ ਦਲੀਲ ਦਿੰਦੀ ਕਿ ਹੁਣ ਇਸ ਬਰਫੀਲੇ ਰੇਗਿਸਤਾਨ ਵਿਚ ਇਕ ਫੇਸਬੁੱਕ ਦਾ ਹੀ ਤਾਂ ਸਹਾਰਾ ਹੈ...।[15]

ਉਪਰੋਕਤ ਦਿੱਤੇ ਹਵਾਲੇ ਸਹਿਜੇ ਹੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਮਾਨਵੀ ਸੰਵੇਦਨਾ ਬਿਜਲੀ ਦੇ ਉਪਕਰਣਾਂ ਵਿਚ ਬਦਲ ਗਈ ਹੈ। ਅੱਜ ਦੋਸਤੀ, ਪਿਆਰ, ਮਨੁੱਖੀ ਜਜ਼ਬਾਤ ਦੀ ਥਾਂ ਤਕਨੀਕੀ ਸਾਧਨਾਂ ਜਾਂ ਨਿਊ ਮੀਡੀਆ ਨੇ ਲੈ ਲਈ ਹੈ ਜਿਸ ਰਾਹੀਂ ਮਨੁੱਖ ਆਪਣੇ ਭਾਵਾਂ ਨੂੰ ਪ੍ਰਗਟਾ ਰਹੇ ਹਨ। ਤੇਜ਼ੀ ਨਾਲ ਰਿਸ਼ਤਿਆਂ ਦਾ ਇਹ ਨਵਾਂ ਨੈਟਵਰਕ ਫੈਲਦਾ ਜਾ ਰਿਹਾ ਹੈ ਤੇ ਫੈਲਦਾ-ਫੈਲਦਾ ਘਰਾਂ, ਦਫਤਰਾਂ ਦੇ ਕਮਰਿਆਂ ਤਕ ਪਹੁੰਚ ਗਿਆ ਹੈ ਜਿਥੇ ਜਜ਼ਬਾਤਾਂ ਦੀ ਕੋਈ ਅਹਿਮੀਅਤ ਨਹੀਂ। ਇਸੇ ਕਾਰਣ ਜਦੋਂ ਸਾਵੀ ਨੂੰ ਪਤਾ ਲਗਦਾ ਹੈ ਕਿ 'ਜੁਗਨੂੰ'ਦਾ ਫੇਸਬੁੱਕ ਆਈ.ਡੀ ਫੇਕ ਸੀ ਤਾਂ ਆਪ ਮੁਹਾਰੇ ਹੀ ਉਸਦੇ ਮੂੰਹੋਂ ਨਿਕਲਦਾ ਹੈ, "ਹਾਏ! ਨੀ ਜੁਗਨੀਏ ਤੂੰ ਫੇਕ ਆਈ.ਡੀ ਸੈਂ...।" ਇੰਜ ਇਹ ਕਹਾਣੀ ਜਿਥੇ ਸਾਈਬਰ-ਸਪੇਸ ਅੰਦਰ ਬਣੇ ਫੇਕ ਰਿਸ਼ਤਿਆਂ ਪ੍ਰਤੀ ਚਿੰਤਾ ਪ੍ਰਗਟਾਉਂਦੀ ਅਜਿਹੇ ਰਿਸ਼ਤਿਆਂ ਦੇ ਕੌੜੇ ਯਥਾਰਥ ਨੂੰ ਕੇਂਦਰ ਵਿਚ ਲਿਆਉਂਦੀ ਹੈ ਉਥੇ ਸਾਈਬਰ-ਕਰਾਈਮ ਦੀਆਂ ਪਰਤਾਂ ਨੂੰ ਖੋਲ੍ਹਣ ਦਾ ਕੰਮ ਵੀ ਕਰਦੀ ਹੈ ਜਿਸ ਰਾਹੀਂ ਬਣੇ ਮਕਾਨਕੀ ਰਿਸ਼ਤਿਆਂ ਦੀ ਨਵੀਨ ਸੰਰਚਨਾ ਮਕਸਦ ਪੂਰਾ ਹੁੰਦਿਆਂ ਹੀ ਢਹਿ ਜਾਂਦੀ ਹੈ।

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਲੇਖਿਕਾ, ਅਮਰੀਕਾ ਰਹਿੰਦਿਆਂ ਆਪਣੀਆਂ ਕਹਾਣੀਆਂ ਵਿਚ ਪਰਵਾਸ ਅਨੁਭਵ ਨੂੰ ਪੂਰੀ ਸੰਜੀਦਗੀ ਨਾਲ ਪੇਸ਼ ਕਰਦੀ ਹੈ। ਇਸਦੇ ਕਹਾਣੀਆਂ ਦੇ ਪਾਤਰ ਆਸ਼ਾਵਾਦੀ ਹਨ। ਜ਼ਿਆਦਾਤਰ ਕਹਾਣੀਆਂ ਰਾਤ ਤੋਂ ਆਰੰਭ ਹੁੰਦੀਆਂ ਨੇ ਤੇ ਸਵੇਰ ਹੁੰਦਿਆਂ ਤਕ ਇਹਨਾਂ ਦੇ ਪਾਤਰ, ਆਪਣੀਆਂ ਸਮਸਿਆਵਾਂ ਦਾ ਹੱਲ ਆਪ ਕੱਢ ਕੇ, ਨਵੀਂ ਊਰਜਾ ਦੇ ਨਾਲ, ਨਵੇਂ ਦਿਨ ਨੂੰ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਵਜੋਂ ਲੈ ਕੇ ਅੱਗੇ ਵੱਧਦੇ ਹਨ। ਅਮਰੀਕਾ ਦੀ ਭੱਜ ਦੌੜ ਦੀ ਜ਼ਿੰਦਗੀ ਵਿਚ ਸਾਰੇ ਪਾਤਰ ਆਪਣੇ-ਆਪਣੇ ਕੰਮਾਂ ਵਿਚ ਰੁੱਝੇ ਹੋਏ ਹਨ। ਉਹਨਾਂ ਨੇ ਪਦਾਰਥਕ ਸੁਖ ਤਾਂ ਹਾਸਿਲ ਕਰ ਲਏ ਹਨ ਪਰ ਇਕਲਾਪੇ ਕਾਰਨ ਉਹਨਾਂ ਅੰਦਰ ਮਾਨਸਿਕ ਅਸ਼ਾਂਤੀ ਵੱਧ ਗਈ ਹੈ। ਇਸ ਸਮਸਿਆ ਦੇ ਹੱਲ ਵਜੋਂ ਉਹ ਜਾਨਵਰਾਂ ਨੂੰ ਪਾਲਦੇ ਹਨ। ਇਕਲਾਪੇ ਦੀ ਸਮਸਿਆ ਲਗਭਗ ਹਰ ਕਹਾਣੀ ਵਿਚ ਦੇਖਣ ਨੂੰ ਮਿਲਦੀ ਹੈ ਜਿਸ ਕਾਰਨ ਪਾਤਰ ਮੁੜ-ਮੁੜ ਯਾਦਾਂ ਵਿਚ ਗੁਆਚ ਜਾਂਦੇ ਹਨ। ਕਿਹਾ ਜਾ ਸਕਦਾ ਹੈ ਕਿ ਲੇਖਿਕਾ ਦੀਆਂ ਕਹਾਣੀਆਂ ਪਰਵਾਸੀ ਪਰਿਵੇਸ਼ ਵਿਚ ਪੈਦਾ ਹੋਈਆਂ ਨਵੀਆਂ ਚੁਣੌਤੀਆਂ ਨੂੰ ਆਤਮਸਾਤ ਕਰਦੀਆਂ ਨਜ਼ਰ ਆਉਂਦੀਆਂ ਹਨ ਪਰ ਨਾਲ ਹੀ ਉਹ ਪੰਜਾਬੀ ਸਮਾਜ-ਸਭਿਆਚਾਰ ਵਿਚ ਪਈ ਰਿਸ਼ਤਾਨਾਤਾ ਪ੍ਰਣਾਲੀ ਦੀ ਬਾਰੀਕ ਤੰਦਾਂ ਨੂੰ ਸਮਝਦੀ ਹੋਈ ਇਸ ਸਮਝ ਨੂੰ ਨਾਲ ਲੈ ਕੇ ਚਲਦੀ ਹੈ। ਇਸ ਪਰਚੇ ਦੀ ਦੂਜੀ ਕਹਾਣੀ 'ਲੌਹ-ਪੁਰਸ਼'ਪਿਤਾ ਤੇ ਧੀ ਦੇ ਰਿਸ਼ਤੇ ਵਿਚੋਂ ਆਪਣਾ ਅਕਸ ਗ੍ਰਹਿਣ ਕਰਦੀ ਹੈ ਪਰ ਇਸ ਦਾ ਕਥਾ-ਬਿਰਤਾਂਤ ਭਾਰਤ ਦੀ ਧਰਤੀ ਨੂੰ ਆਪਣੇ ਕਲੇਵੇ ਵਿਚ ਲੈ ਕੇ ਰਚਿਆ ਗਿਆ ਹੈ। ਅਜਿਹੇ ਸਮੇਂ ਕੁਝ ਪ੍ਰਸ਼ਨ ਉਠਦੇ ਹਨ ਜਿਵੇਂ; ਵਿਦੇਸ਼ਾਂ ਵਿਚ ਰਹਿੰਦੀ ਪੰਜਾਬੀ ਪੀੜ੍ਹੀ ਜਾਂ ਲੇਖਕ ਜੇਕਰ ਆਪਣੀ ਜਨਮ-ਭੂਮੀ ਨੂੰ ਆਧਾਰ ਬਣਾ ਕੇ ਸਾਹਿਤ ਰਚਨਾ ਕਰਦੇ ਹਨ ਤ ਕੀ ਅਸੀਂ ਇਸਨੂੰ ਪਰਵਾਸੀ ਸਾਹਿਤ/ਕਹਾਣੀ ਵਜੋਂ ਸਵੀਕਾਰ ਕਰਾਂਗੇ? ਕੀ ਪਰਵਾਸੀ ਸਾਹਿਤ ਦਾ ਵਿਸ਼ਾ ਤੇ ਵਸਤੂ ਜਗਤ, ਦੋਵਾਂ ਦਾ ਪਰਵਾਸ ਨਾਲ ਸੰਬੰਧਤ ਹੋਣਾ ਲਾਜ਼ਮੀ ਹੈ? ਜਿਹੜੇ ਲੇਖਕ ਪਰਵਾਸ ਧਾਰਨ ਕਰ ਚੁੱਕੇ ਹਨ ਤੇ ਆਵਾਸ-ਪਰਵਾਸ ਦੀ ਮਾਨਸਿਕਤਾ ਤੋਂ ਕਿਤੇ ਅੱਗੇ ਲੰਘ ਗਏ ਹਨ, ਜੇਕਰ ਉਹ ਅਜਿਹੀ ਰਚਨਾ ਦੀ ਸਿਰਜਣਾ ਕਰਦੇ ਹਨ ਜਿਸ ਵਿਚ ਪਰਵਾਸ ਨਾਲ ਸੰਬੰਧਤ ਕੋਈ ਮਸਲਾ ਦ੍ਰਿਸ਼ਟੀਗੋਚਰ ਨਹੀਂ ਹੁੰਦਾ ਤਾਂ ਕੀ ਅਜਿਹੀ ਰਚਨਾ ਪਰਵਾਸੀ ਸਾਹਿਤ ਦੇ ਅੰਤਰਗਤ ਮੰਨੀ ਜਾਏਗੀ?

ਸੰਬੰਧਤ ਪਰਚਾ ਰਿਸ਼ਤਿਆਂ ਨਾਲ ਸੰਬੰਧਤ ਹੋਣ ਕਾਰਣ ਇਸਦੇ ਫੋਕਸ ਵਿਚ ਰਿਸ਼ਤਿਆਂ ਨੂੰ ਹੀ ਲੈ ਕੇ ਉਸਦੇ ਵੱਖਰੇ-ਵੱਖਰੇ ਨਿਭਾਅ ਤੇ ਅਹਿਸਾਸਾਂ ਦੀਆਂ ਪਰਤਾਂ ਨੂੰ ਫਰੋਲਣ ਦਾ ਜਤਨ ਕੀਤਾ ਗਿਆ ਹੈ।

## 3. ਨਿਸ਼ਕਰਸ਼ :

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਲੇਖਿਕਾ, ਅਮਰੀਕਾ ਰਹਿੰਦਿਆਂ ਆਪਣੀਆਂ ਕਹਾਣੀਆਂ ਵਿਚ ਪਰਵਾਸ ਅਨੁਭਵ ਨੂੰ ਪੂਰੀ ਸੰਜੀਦਗੀ ਨਾਲ ਪੇਸ਼ ਕਰਦੀ ਹੈ। ਇਸਦੇ ਕਹਾਣੀਆਂ ਦੇ ਪਾਤਰ ਆਸ਼ਾਵਾਦੀ ਹਨ। ਜ਼ਿਆਦਾਤਰ ਕਹਾਣੀਆਂ ਰਾਤ ਤੋਂ ਆਰੰਭ ਹੁੰਦੀਆਂ ਨੇ ਤੇ ਸਵੇਰ ਹੁੰਦਿਆਂ ਤਕ ਇਹਨਾਂ ਦੇ ਪਾਤਰ, ਆਪਣੀਆਂ ਸਮਸਿਆਵਾਂ ਦਾ ਹੱਲ ਆਪ ਕੱਢ ਕੇ, ਨਵੀਂ ਊਰਜਾ ਦੇ ਨਾਲ, ਨਵੇਂ ਦਿਨ ਨੂੰ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਵਜੋਂ ਲੈ ਕੇ ਅੱਗੇ ਵੱਧਦੇ ਹਨ। ਅਮਰੀਕਾ ਦੀ ਭੱਜ ਦੌੜ ਦੀ ਜ਼ਿੰਦਗੀ ਵਿਚ ਸਾਰੇ ਪਾਤਰ ਆਪਣੇ-ਆਪਣੇ ਕੰਮਾਂ ਵਿਚ ਰੁੱਝੇ ਹੋਏ ਹਨ। ਉਹਨਾਂ ਨੇ ਪਦਾਰਥਕ ਸੁਖ ਤਾਂ ਹਾਸਿਲ ਕਰ ਲਏ ਹਨ ਪਰ ਇਕਲਾਪੇ ਕਾਰਨ ਉਹਨਾਂ ਅੰਦਰ ਮਾਨਸਿਕ ਅਸ਼ਾਂਤੀ ਵੱਧ ਗਈ ਹੈ। ਇਸ ਸਮਸਿਆ ਦੇ ਹੱਲ ਵਜੋਂ ਉਹ ਜਾਨਵਰਾਂ ਨੂੰ ਪਾਲਦੇ ਹਨ। ਇਕਲਾਪੇ ਦੀ ਸਮਸਿਆ ਲਗਭਗ ਹਰ ਕਹਾਣੀ ਵਿਚ ਦੇਖਣ ਨੂੰ ਮਿਲਦੀ ਹੈ ਜਿਸ ਕਾਰਨ ਪਾਤਰ ਮੁੜ-ਮੁੜ ਯਾਦਾਂ ਵਿਚ ਗੁਆਚ ਜਾਂਦੇ ਹਨ। ਕਿਹਾ ਜਾ ਸਕਦਾ ਹੈ ਕਿ ਲੇਖਿਕਾ ਦੀਆਂ ਕਹਾਣੀਆਂ ਪਰਵਾਸੀ ਪਰਿਵੇਸ਼ ਵਿਚ ਪੈਦਾ ਹੋਈਆਂ ਨਵੀਆਂ ਚੁਣੌਤੀਆਂ ਨੂੰ ਆਤਮਸਾਤ ਕਰਦੀਆਂ ਨਜ਼ਰ ਆਉਂਦੀਆਂ ਹਨ ਪਰ ਨਾਲ ਹੀ ਉਹ ਪੰਜਾਬੀ ਸਮਾਜ-ਸਭਿਆਚਾਰ ਵਿਚ ਪਈ ਰਿਸ਼ਤਾਨਾਤਾ ਪ੍ਰਣਾਲੀ ਦੀ ਬਾਰੀਕ ਤੰਦਾਂ ਨੂੰ ਸਮਝਦੀ ਹੋਈ ਇਸ ਸਮਝ ਨੂੰ ਨਾਲ ਲੈ ਕੇ ਚਲਦੀ ਹੈ।

## ਹਵਾਲੇ ਤੇ ਟਿੱਪਣੀਆਂ

[1] ਸੁਰਜੀਤ, ਪਾਰਲੇ ਪੁਲ, ਪੰਨਾ 1
[2] ਮੋਨਿਕਾ ਦੇਵੀ, ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦਾ ਚਿਤਰਨ, ਮੋਨਿਕਾ ਦੇਵੀ, ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਖੋਜ ਨਿਬੰਧ, ਪੰਨਾ 7
[3] ਸੁਰਜੀਤ, ਪਾਰਲੇ ਪੁਲ, ਪੰਨਾ 67
[4] ਉਹੀ, ਪੰਨਾ 100
[5] ਉਹੀ, ਪੰਨਾ 103
[6] ਉਹੀ
[7] ਉਹੀ, ਪੰਨਾ 105
[8] ਉਹੀ
[9] ਉਹੀ
[10] ਉਹੀ, ਪੰਨਾ 108
[11] ਉਹੀ, ਪੰਨਾ 89
[12] ਉਹੀ, ਪੰਨਾ 88
[13] ਉਹੀ, ਪੰਨਾ 89
[14] ਪੁੰਨੀ, ਬਲਬੀਰ ਸਿੰਘ, ਪੰਜਾਬੀ ਲੋਕਯਾਨ ਅਤੇ ਸਭਿਆਚਾਰ, ਪੰਨਾ 142
[15] ਉਹੀ